# ਸੰਗਤਿ
## ਭਾਗ–14

ਸ੍ਰਿਸ਼ਟੀ ਵਿਚ ਮਾਇਕੀ ਵਿਦਿਆ ਹਾਸਲ ਕਰਨ ਲਈ, ਸਕੂਲ ਕਾਲਜ ਅਤੇ ਯੂਨੀਵਰਸਿਟੀ (university) ਵਿਚ ਪੜ੍ਹਾਈ ਕਰਨੀ ਪੈਂਦੀ ਹੈ—ਜਿਥੇ ਅਧਿਆਪਕ, ਪ੍ਰੋਫੈਸਰ ਅਤੇ ਵਿਗਿਆਨੀ ਮਾਇਕੀ ਵਿਦਿਆ ਪੜ੍ਹਾਉਂਦੇ ਹਨ ।

ਜਿਹੜੇ ਇਨਸਾਨ ਸਕੂਲਾਂ ਵਿਚ ਦਾਖਲ ਨਹੀਂ ਹੁੰਦੇ ਅਥਵਾ ਵਿਦਿਆ ਹਾਸਲ ਨਹੀਂ ਕਰਦੇ, ਉਹ ਅਨਪੜ੍ਹ, ਮੁਗਧ, ਬੁੱਧੂ ਹੀ ਰਹਿੰਦੇ ਹਨ । ਉਹਨਾਂ ਦੀ ਬੁੱਧੀ ਦਾ ਵਿਕਾਸ ਨਹੀਂ ਹੁੰਦਾ, ਤੇ ਉਹ ਦੁਨਿਆਵੀ ਵਿਦਿਆ ਤੇ ਵਿਗਿਆਨ ਦੇ ਗਿਆਨ ਤੋਂ ਕੋਰੇ ਰਹਿੰਦੇ ਹਨ ਜਿਸ ਕਾਰਣ ਇਹਨਾਂ ਦੇ ਸੁੱਖਾਂ ਤੋਂ ਭੀ ਵਾਂਝੇ ਰਹਿੰਦੇ ਹਨ ।

ਐਨ ਇਸੇ ਤਰ੍ਹਾਂ ਆਤਮਿਕ ਮੰਡਲ ਦਾ ‘ਅਨੁਭਵੀ ਗਿਆਨ’ ਹਾਸਲ ਕਰਨ ਲਈ ਦੈਵੀ ‘ਸਤ ਸੰਗਤ’ ਅਥਵਾ ‘ਸਾਧ ਸੰਗਤ’ ਹੀ ਆਤਮਿਕ ਸਕੂਲ, ਕਾਲਜ, ਯੂਨੀਵਰਸਿਟੀ ਹੈ—ਜਿਸ ਵਿਚ ਵਿਚਰਦਿਆਂ ਹੋਇਆਂ ਆਤਮ ਵਿਦਿਆ ਸਿੱਖੀ ਜਾ ਸਕਦੀ ਹੈ ਅਤੇ ਬਿਬੇਕ ਬੁੱਧੀ ਅਥਵਾ ਅਨੁਭਵੀ ਗਿਆਨ ਪ੍ਰਾਪਤ ਹੁੰਦਾ ਹੈ ।

ਇਸ ਆਤਮਿਕ ਸੰਗਤ ਅਥਵਾ ‘ਸਾਧ ਸੰਗਤ’ ਦੇ ਅਨੁਭਵੀ ਗਿਆਨ ਤੋਂ ਬਗੈਰ ਜੀਵ ਮਾਇਕੀ ਭਰਮ-ਭੁਲਾਵੇ ਦੇ ਹਨੇਰ ਵਿਚ ਪਲਚ-ਪਲਚ ਕੇ ਅਗਿਆਨਤਾ ਵਾਲਾ ਜੀਵਨ ਬਤੀਤ ਕਰਦੇ ਹਨ ਤੇ ਆਤਮਿਕ ਮੰਡਲ ਦੇ ਬੇਅੰਤ ਸੁਖਦਾਈ ਤੇ ਕਲਿਆਣਕਾਰੀ ਗੁਣਾਂ ਤੋਂ ਵਾਂਝੇ ਰਹਿੰਦੇ ਹਨ ।

ਸੰਤਾ ਸੇਤੀ ਰੰਗੁ ਨ ਲਾਏ ॥
ਸਾਕਤ ਸੰਗਿ ਵਿਕਰਮ ਕਮਾਏ ॥
ਦੁਲਭ ਦੇਹ ਖੋਈ ਅਗਿਆਨੀ
ਜੜ ਅਪੁਣੀ ਆਪਿ ਉਪਾੜੀ ਜੀਉ ॥ (ਪੰਨਾ–105)

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ (ਪੰਨਾ–427)

ਜਿਨ ਸਤਿਗੁਰ ਸੰਗਤਿ ਸੰਗੁ ਨ ਪਾਇਆ
ਸੇ ਭਾਗਹੀਣ ਪਾਪੀ ਜਮਿ ਖਾਇਆ ॥ (ਪੰਨਾ–494)

ਬਿਨਵੰਤ ਨਾਨਕ ਬਿਨੁ ਸਾਧ ਸੰਗਮ ਸਭ ਮਿਥਿਆ ਸੰਸਾਰੀ ॥ (ਪੰਨਾ-547)

ਸਾਧਸੰਗਤਿ ਬਿਨੁ ਭ੍ਰਮਿ ਮੁਈ ਕਰਤੀ ਕਰਮ ਅਨੇਕ ॥ (ਪੰਨਾ-928)

ਇਸੇ ਲਈ ਗੁਰਬਾਣੀ ਵਿਚ 'ਸਾਧ ਸੰਗਤ' ਨੂੰ 'ਚਟਸਾਲ' ਭੀ ਕਿਹਾ ਗਿਆ ਹੈ ਜਿਥੇ ਰੱਬੀ ਗੁਣ ਸਿਖਾਏ ਜਾਂਦੇ ਹਨ—

ਸਤਸੰਗਤਿ ਸਤਿਗੁਰ ਚਟਸਾਲ ਹੈ ਜਿਤੁ ਹਰਿ ਗੁਣ ਸਿਖਾ ॥ (ਪੰ.-1316)

ਕਿਤੁ ਬਿਧਿ ਕਿਉ ਪਾਈਐ ਪ੍ਰਭੁ ਅਪੁਨਾ
ਮੋ ਕਉ ਕਰਹੁ ਉਪਦੇਸੁ ਹਰਿ ਦਾਨ ॥2॥
ਸਤਸੰਗਤਿ ਮਹਿ ਹਰਿ ਹਰਿ ਵਸਿਆ
ਮਿਲਿ ਸੰਗਤਿ ਹਰਿ ਗੁਨ ਜਾਨ ॥ (ਪੰਨਾ-1335)

ਇਸੇ ਤਰ੍ਹਾਂ ਸਾਧ ਸੰਗਤ ਵਿਚ ਵਿਚਰਦਿਆਂ ਹੋਇਆਂ ਹੋਰ ਅਨੇਕਾਂ ਦੈਵੀ ਗੁਣ ਸਹਿਜ-ਸੁਭਾਇ ਪ੍ਰਾਪਤ ਹੁੰਦੇ ਹਨ—

ਸਾਧ ਸੰਗਤ ਹੀ 'ਪਰਮਾਰਥ' ਦਾ 'ਉਤਮ ਪੰਥ' ਹੈ—

ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥ (ਪੰਨਾ-1406)

ਸਾਧ ਸੰਗਤ ਕਰਦਿਆਂ 'ਕੁੰਡਲਨੀ' ਭੀ ਖੁਲ੍ਹਦੀ ਹੈ—

ਕੁੰਡਲਨੀ ਸੁਰਝੀ ਸਤਸੰਗਤਿ ਪਰਮਾਨੰਦ ਗੁਰੂ ਮੁਖਿ ਮਚਾ ॥ (ਪੰ.-1402)

'ਹਉਮੈ' ਭੀ ਸਾਧ ਸੰਗਤਿ ਦੁਆਰਾ ਮਿਟਦੀ ਹੈ—

ਸਾਧ ਕੈ ਸੰਗਿ ਮਿਟੈ ਅਭਿਮਾਨੁ ॥.....
ਸਾਧ ਕੈ ਸੰਗਿ ਨਾਹੀ ਹਉ ਤਾਪੁ ॥
ਸਾਧ ਕੈ ਸੰਗਿ ਤਜੈ ਸਭੁ ਆਪੁ ॥ (ਪੰਨਾ-271)

ਸੰਤ ਜਨਾ ਕੈ ਸੰਗਿ ਹਉਮੈ ਰੋਗੁ ਜਾਇ ॥ (ਪੰਨਾ-961)

ਸੰਤ ਸੰਗਿ ਹਉਮੈ ਦੁਖ ਨਸਾ ॥ (ਪੰਨਾ-1146)

ਮਿਲਿ ਪਾਣੀ ਜਿਉ ਹਰੇ ਬੂਟ ॥
ਸਾਧਸੰਗਤਿ ਤਿਉ ਹਉਮੈ ਛੂਟ ॥ (ਪੰਨਾ-1181)

ਸਾਧਸੰਗਿ ਮਿਲਿ ਹਰਿ ਗੁਨ ਗਾਏ ਬਿਨਸੀ ਸਭ ਅਭਿਮਾਨੀ ॥ (ਪੰ.-1228)

ਸਾਧ ਸੰਗਤ ਦੁਆਰਾ ਸਦੀਵੀ ਆਤਮ ਸੁਖ ਅਥਵਾ ਮਹਾਂ ਅਨੰਦ ਪ੍ਰਾਪਤ ਹੁੰਦਾ ਹੈ—

ਭਾਈ ਰੇ ਸੁਖੁ ਸਾਧਸੰਗਿ ਪਾਇਆ ॥ (ਪੰਨਾ-42)

ਸਾਧ ਕੈ ਸੰਗਿ ਸਦਾ ਸੁਖੁ ਪਾਵੈ ॥ (ਪੰਨਾ-271)

ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥
ਸੋ ਸੁਖੁ ਸਾਧੂ ਸੰਗਿ ਪਰੀਤਿ ॥ (ਪੰਨਾ-288)

ਸਾਧਸੰਗਿ ਸਦਾ ਸੁਖੁ ਪਾਈਐ ਹਰਿ ਬਿਸਰਿ ਨ ਕਬਹੂ ਜਾਈ ॥ (ਪੰਨਾ-616)

ਜਬ ਤੇ ਦਰਸਨ ਭੇਟੇ ਸਾਧੂ ਭਲੇ ਦਿਨਸ ਓਇ ਆਏ ॥
ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ ॥ (ਪੰਨਾ-671)

ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ ॥ (ਪੰਨਾ-814)

ਸਾਧੂ ਸੰਗਿ ਸਰਬ ਸੁਖ ਪਾਏ ॥ (ਪੰਨਾ-1148)

ਜੇ ਲੋੜਹਿ ਸਦਾ ਸੁਖੁ ਭਾਈ ॥
ਸਾਧੂ ਸੰਗਤਿ ਗੁਰਹਿ ਬਤਾਈ ॥ (ਪੰਨਾ-1182)

ਸਾਰਿਆਂ ਦੁਖਾਂ ਤੋਂ ਨਵਿਰਤੀ ਭੀ ਸਾਧ ਸੰਗਤ ਦੁਆਰਾ ਹੁੰਦੀ ਹੈ—

ਨਾਮ ਰਾਸਿ ਸਾਧ ਸੰਗਿ ਖਾਟੀ ॥
ਕਹੁ ਨਾਨਕ ਪ੍ਰਭਿ ਅਪਦਾ ਕਾਟੀ ॥ (ਪੰਨਾ-194)

ਸਾਧੂ ਸੰਗੁ ਕਰਹੁ ਸਭੁ ਕੋਇ ॥
ਸਦਾ ਕਲਿਆਣ ਫਿਰਿ ਦੂਖੁ ਨ ਹੋਇ ॥ (ਪੰਨਾ-196)

ਸੰਤ ਪ੍ਰਸਾਦਿ ਹਰਿ ਜਾਪੀਐ ॥
ਸੋ ਜਨੁ ਦੂਖਿ ਨ ਵਿਆਪੀਐ ॥ (ਪੰਨਾ-211)

ਭਜੁ ਸਾਧਸੰਗਤਿ ਸਦਾ ਨਾਨਕ ਮਿਟਹਿ ਦੋਖ ਕਮਾਤੇ ॥ (ਪੰਨਾ-461)

ਸਾਧ ਸੰਗਮਿ ਹਰਿ ਅਰਾਧੇ ਸਗਲ ਕਲਮਲ ਦੁਖ ਜਲੇ ॥ (ਪੰਨਾ-548)

ਸੰਤਾਂ ਸੰਗਿ ਉਧਾਰੁ ਸਗਲਾ ਦੁਖੁ ਲਥਾ ॥ (ਪੰਨਾ-709)

ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥ (ਪੰਨਾ-1170)

ਤੀਰਥ ਇਸ਼ਨਾਨ, ਸੱਚਾ ਨ੍ਹਾਵਣ ਅਥਵਾ ਆਤਮਿਕ ਇਸ਼ਨਾਨ ਭੀ ਸਾਧ ਸੰਗਤ ਵਿਚ ਵਿਚਰਦਿਆਂ ਹੋਇਆਂ ਸਹਿਜ-ਸੁਭਾਇ ਹੋ ਜਾਂਦਾ ਹੈ—

ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥
ਅਠਸਠਿ ਤੀਰਥ ਮਜਨਾ ਗੁਰ ਦਰਸੁ ਪਰਾਪਤਿ ਹੋਇ ॥ (ਪੰਨਾ-597)

ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥ (ਪੰਨਾ-867)

ਸੰਗਤਿ ਸੰਤ ਮਿਲਾਏ ॥
ਹਰਿ ਸਰਿ ਨਿਰਮਲਿ ਨਾਏ ॥
ਨਿਰਮਲਿ ਜਲਿ ਨਾਏ ਮੈਲੁ ਗਵਾਏ ਭਏ ਪਵਿਤੁ ਸਰੀਰਾ ॥ (ਪੰ.-774)

ਹਰਿ ਜਨ ਅੰਮ੍ਰਿਤ ਕੁੰਟ ਸਰ ਨੀਕੇ ਵਡਭਾਗੀ ਤਿਤੁ ਨਾਵਾਈਐ ॥ (ਪੰ.-881)

ਸਤਸੰਗਤਿ ਕੀ ਰੇਣੁ ਮੁਖਿ ਲਾਗੀ ਕੀਏ ਸਗਲ ਤੀਰਥ ਮਜਨੀਠਾ ॥
(ਪੰਨਾ-1212)

ਸਤਸੰਗਤਿ ਸਾਧ ਧੂਰਿ ਮੁਖਿ ਪਰੀ ॥
ਇਸਨਾਨੁ ਕੀਓ ਅਠਸਠਿ ਸੁਰਸਰੀ ॥ (ਪੰਨਾ-1134)

'ਬੈਕੁੰਠ ਧਾਮ' ਭੀ ਸਾਧ ਸੰਗਤ ਹੀ ਹੈ—

ਕਹੁ ਕਬੀਰ ਇਹ ਕਹੀਐ ਕਾਹਿ ॥
ਸਾਧਸੰਗਤਿ ਬੈਕੁੰਠੈ ਆਹਿ ॥ (ਪੰਨਾ-325)

ਮੁਕਤਿ ਬੈਕੁੰਠ ਸਾਧ ਕੀ ਸੰਗਤਿ ਜਨ ਪਾਇਓ ਹਰਿ ਕਾ ਧਾਮ ॥ (ਪੰ.-682)

ਬੈਕੁੰਠ ਨਗਰੁ ਜਹਾ ਸੰਤ ਵਾਸਾ ॥ (ਪੰਨਾ-742)

ਏਕ ਪਲਕ ਸੁਖ ਸਾਧ ਸਮਾਗਮ ਕੋਟਿ ਬੈਕੁੰਠਹ ਪਾਂਏ ॥ (ਪੰਨਾ-1208)

ਸਾਧ ਸੰਗਤ ਦੁਆਰਾ ਹੀ ਪਰਮਾਰਥ ਅਥਵਾ ਰੱਬੀ ਗੁਣਾਂ ਦੀ 'ਦ੍ਰਿੜ੍ਹਤਾ' ਆਉਂਦੀ ਹੈ—

ਸਾਧ ਕੈ ਸੰਗਿ ਦ੍ਰਿੜੈ ਸਭਿ ਧਰਮ ॥ (ਪੰਨਾ-271)

ਹਰਿ ਹਰਿ ਸੰਤ ਮਿਲਹੁ ਮੇਰੇ ਭਾਈ ਹਰਿ ਨਾਮੁ ਦ੍ਰਿੜਾਵਹੁ ਇਕ ਕਿਨਕਾ ॥
(ਪੰਨਾ-650)

ਸਤਸੰਗਤਿ ਮਿਲੈ ਤ ਦਿੜਤਾ ਆਵੈ ਹਰਿ ਰਾਮ ਨਾਮਿ ਨਿਸਤਾਰੇ ॥ (ਪੰਨਾ-981)

ਸਾਧ ਸੰਗਤ ਦੁਆਰਾ 'ਵੈਰ-ਵਿਰੋਧ' ਭੀ ਮਿਟਦੇ ਹਨ—

ਸਾਧਸੰਗਿ ਕਿਸ ਸਿਉ ਨਹੀ ਬੈਰੁ ॥ (ਪੰਨਾ-271)

ਸਾਧਸੰਗਿ ਦੁਸਮਨ ਸਭਿ ਮੀਤ ॥ (ਪੰਨਾ-271)

ਮਿਟਿ ਗਏ ਬੈਰ ਭਏ ਸਭ ਰੇਨ ॥

ਅੰਮ੍ਰਿਤ ਨਾਮੁ ਸਾਧ ਸੰਗਿ ਲੈਨ ॥ (ਪੰਨਾ–295)

ਸਾਧ ਜਨਾ ਕੇ ਪੂਜੇ ਪੈਰ ॥
ਮਿਟੇ ਉਪਦ੍ਰਹ ਮਨ ਤੇ ਬੈਰ ॥ (ਪੰਨਾ–395)

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥1 ॥ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
(ਪੰਨਾ–1299)

ਸਾਧ ਸੰਗਤ ਵਿਚ ਵਿਚਰਨ ਵਾਲੇ 'ਸੰਗੀ' ਹੀ ਸੱਚੇ ਮਿੱਤਰ ਅਤੇ ਸਾਜਨ ਹਨ—

ਹਰਿ ਸੰਤਾ ਹਰਿ ਸੰਤ ਸਜਨ ਮੇਰੇ ਮੀਤ ਸਹਾਈ ਰਾਮ ॥ (ਪੰਨਾ–453)

ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥ (ਪੰਨਾ–520)

ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ ਸਾਧ ਸਾਜਨ ਮੀਤਾ ॥ (ਪੰ.–543)

ਸੰਗਿ ਮਿਲਾਇ ਲੀਆ ਮੇਰੈ ਕਰਤੈ ਸੰਤ ਸਾਧ ਭਏ ਸਾਥੀ ॥ (ਪੰਨਾ–628)

ਓਇ ਸਾਜਨ ਓਇ ਮੀਤ ਪਿਆਰੇ ॥
ਜੋ ਹਮ ਕਉ ਹਰਿ ਨਾਮੁ ਚਿਤਾਰੇ ॥ (ਪੰਨਾ–739)

ਹੋਇ ਇਕਤ੍ਰ ਮਿਲਹੁ ਸੰਤ ਸਾਜਨ ਗੁਣ ਗੋਬਿੰਦ ਨਿਤ ਗਾਹਿ ॥ (ਪੰ.–1222)

'ਸਾਧ ਸੰਗਤ' ਹੀ 'ਨਿਹਚਲ ਆਸਣ' ਹੈ—

ਕਰਿ ਮਿਤ੍ਰਾਈ ਸਾਧ ਸਿਉ ਨਿਹਚਲੁ ਪਾਵਹਿ ਠਾਉ ॥ (ਪੰਨਾ–431)

ਨਿਹਚਲ ਸੰਗਤਿ ਸਾਧ ਜਨ ਬਚਨ ਨਿਹਚਲੁ ਗੁਰ ਸਾਧਾ ॥ (ਪੰ.–1101)

ਸੰਤ ਮੰਡਲ ਕਾ ਨਿਹਚਲ ਆਸਨੁ ॥ (ਪੰਨਾ–1146)

ਸਾਧ ਸੰਗਤ ਦੁਆਰਾ ਤ੍ਰਿਸ਼ਨਾ ਅਗਨ ਬੁਝਦੀ ਹੈ ਅਤੇ 'ਸੰਤੋਖ' ਆਉਂਦਾ ਹੈ।

ਨਾਨਕ ਕੀ ਪ੍ਰਭ ਬੇਨਤੀ ਮੇਰੀ ਜਿੰਦੁੜੀਏ
ਮਿਲਿ ਸਾਧੂ ਸੰਗਿ ਅਘਾਣੇ ਰਾਮ ॥ (ਪੰਨਾ–541)

ਭਇਓ ਕ੍ਰਿਪਾਲੁ ਸਤਸੰਗਿ ਮਿਲਾਇਆ ॥
ਬੂਝੀ ਤਪਤਿ ਘਰਹਿ ਪਿਰੁ ਪਾਇਆ ॥ (ਪੰਨਾ–738)

ਸੰਗਤਿ ਕਰਤ ਸੰਤੋਖੁ ਮਨਿ ਪਾਇਆ ॥ (ਪੰਨਾ–889)

ਕਹੁ ਨਾਨਕ ਜਉ ਸਾਧਸੰਗੁ ਪਾਇਆ ॥
ਬੂਝੀ ਤ੍ਰਿਸਨਾ ਮਹਾ ਸੀਤਲਾਇਆ ॥ (ਪੰਨਾ-913)

ਸਾਧ ਸੰਗਤਿ ਦੁਆਰਾ ਆਤਮਿਕ ਠੰਢ ਮਿਲਦੀ ਹੈ ਅਤੇ ਸ਼ਾਂਤੀ ਵਰਤਦੀ ਹੈ—

ਠਾਂਢਿ ਪਰੀ ਸੰਤਹ ਸੰਗਿ ਬਸਿਆ ॥ (ਪੰਨਾ-256)

ਏਕੁ ਬੋਲੁ ਭੀ ਖਵਤੋ ਨਾਹੀ ਸਾਧਸੰਗਤਿ ਸੀਤਲਈ ॥ (ਪੰਨਾ-402)

ਅਗਨਿ ਸਾਗਰ ਭਏ ਸੀਤਲ ਸਾਧ ਅੰਚਲ ਗਹਿ ਰਹੇ ॥ (ਪੰਨਾ-458)

ਸੰਤ ਸੰਗਿ ਜਾ ਕਾ ਮਨੁ ਸੀਤਲੁ ਓਹੁ ਜਾਣੈ ਸਗਲੀ ਠਾਂਢੀ ॥ (ਪੰ.-610)

'ਹਰਿ ਧਨ' ਅਥਵਾ 'ਨਾਮ ਖਜ਼ਾਨਾ' ਭੀ ਸਾਧ ਸੰਗਤ ਦੁਆਰਾ ਮਿਲਦਾ ਹੈ—

ਸੁਖਿ ਬੈਸਹੁ ਸੰਤ ਸਜਨ ਪਰਵਾਰੁ ॥
ਹਰਿ ਧਨੁ ਖਟਿਓ ਜਾ ਕਾ ਨਾਹਿ ਸੁਮਾਰੁ ॥ (ਪੰਨਾ-185)

ਸਾਧ ਕੈ ਸੰਗਿ ਪਾਏ ਨਾਮ ਨਿਧਾਨ ॥ (ਪੰਨਾ-271)

ਸਾਧੂ ਕੈ ਸੰਗਿ ਸੋ ਧਨੁ ਪਾਵੈ ॥
ਜਿਸੁ ਧਨ ਤੇ ਸਭੁ ਕੋ ਵਰਸਾਵੈ ॥ (ਪੰਨਾ-271)

ਸਾਧਸੰਗਿ ਪਾਵਹਿ ਸਚੁ ਧਨਾ ॥ (ਪੰਨਾ-289)

ਸਪਤਮਿ ਸੰਚਹੁ ਨਾਮ ਧਨੁ ਟੂਟਿ ਨ ਜਾਹਿ ਭੰਡਾਰ ॥
ਸੰਤਸੰਗਤਿ ਮਹਿ ਪਾਈਐ ਅੰਤੁ ਨ ਪਾਰਾਵਾਰ ॥ (ਪੰਨਾ-298)

ਹਰਿ ਧਨੁ ਜਾਪ ਹਰਿ ਧਨੁ ਤਾਪ ਹਰਿ ਧਨੁ ਭੋਜਨੁ ਭਾਇਆ ॥
ਨਿਮਖ ਨ ਬਿਸਰਉ ਮਨ ਤੇ ਹਰਿ ਹਰਿ ਸਾਧਸੰਗਤਿ ਮਹਿ ਪਾਇਆ ॥
(ਪੰਨਾ-495)

ਸਤਸੰਗਤਿ ਨਾਮੁ ਨਿਧਾਨੁ ਹੈ ਜਿਥਹੁ ਹਰਿ ਪਾਇਆ ॥ (ਪੰਨਾ-1244)

ਸਾਧ ਸੰਗਤ ਦੁਆਰਾ ਹੀ 'ਪਾਰਸ ਕਲਾ' ਵਰਤਦੀ ਹੈ ਤੇ ਜੀਵ ਕੰਚਨ ਸਮਾਨ ਹੋ ਜਾਂਦਾ ਹੈ—

ਜਿਉ ਲੋਹਾ ਪਾਰਸਿ ਭੇਟੀਐ ਮਿਲਿ ਸੰਗਤਿ ਸੁਵਰਨੁ ਹੋਇ ਜਾਇ ॥
(ਪੰਨਾ-303)

ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ ॥

ਪਾਰਸੁ ਪਰਸਿ ਲੋਹਾ ਕੰਚਨੁ ਸੋਈ ॥ (ਪੰਨਾ–481)

ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤਸੰਗਤਿ ਕੀ ਵਡਿਆਈ ॥ (ਪੰ.–505)

ਰਾਮ ਪਾਰਸ ਚੰਦਨ ਹਮ ਕਾਸਟ ਲੋਸਟ ॥
ਹਰਿ ਸੰਗਿ ਹਰੀ ਸਤਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ ॥ (ਪੰਨਾ–668)

ਕਬੀਰ ਚੰਦਨ ਕਾ ਬਿਰਵਾ ਭਲਾ ਬੇੜ੍ਹਿਓ ਢਾਕ ਪਲਾਸ ॥
ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ ॥ (ਪੰਨਾ–1365)

'ਪਤਿਤ' ਜੀਵ ਭੀ ਸਾਧ ਸੰਗਤ ਦੁਆਰਾ ਪਾਵਨ ਹੋ ਕੇ ਪ੍ਰਵਾਨ ਹੁੰਦੇ ਹਨ—

ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਸੰਗਤਿ ਨਾਲਿ ਰਲਾਵੈ ॥
(ਪੰ.–855)

ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ
ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ ॥ (ਪੰਨਾ–861)

ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ
ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ ॥ (ਪੰਨਾ–1297)

ਸਾਧ ਸੰਗਤ ਦੁਆਰਾ ਹੀ 'ਸੋਹਣੇ' ਅਤੇ 'ਸੁਭਾਇਮਾਨ' ਹੋਈਦਾ ਹੈ—

ਮਿਲਿ ਸਾਧੂ ਸੰਗਿ ਉਧਾਰੁ ਹੋਇ ਮੁਖ ਊਜਲ ਦਰਬਾਰਿ ॥ (ਪੰਨਾ–218)

ਸੁੰਦਰੁ ਸੁਘੜੁ ਸੂਰੁ ਸੋ ਬੇਤਾ ਜੋ ਸਾਧੂ ਸੰਗੁ ਪਾਵੈ ॥ (ਪੰਨਾ–531)

ਨਾਨਕ ਸੇ ਜਨ ਸੋਹਣੇ ਜਿ ਗੁਰਮੁਖਿ ਮੇਲਿ ਮਿਲਾਇ ॥ (ਪੰਨਾ–849)

ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥ (ਪੰਨਾ–1079)

ਸੇਈ ਸੁੰਦਰ ਸੋਹਣੇ ॥
ਸਾਧ ਸੰਗਿ ਜਿਨ ਬੈਹਣੇ ॥ (ਪੰਨਾ–132)

ਸਾਧ ਸੰਗਤ ਦੁਆਰਾ ਆਤਮਿਕ 'ਸਹਜ' ਅਵਸਥਾ ਪ੍ਰਾਪਤ ਹੁੰਦੀ ਹੈ—

ਜਿਸੁ ਸਾਧੂ ਸੰਗਤਿ ਤਿਸੁ ਸਭ ਸੁਕਰਣੀ ਜੀਉ ॥
ਜਨ ਨਾਨਕ ਸਹਜਿ ਸਮਾਈ ਜੀਉ ॥ (ਪੰਨਾ–217)

ਨਾਨਕ ਹਰਿ ਜਸੁ ਸੰਗਤਿ ਪਾਈਐ
ਹਰਿ ਸਹਜੇ ਸਹਜਿ ਮਿਲਾਇਆ ॥ (ਪੰਨਾ–1042)

ਗੁਰ ਸੰਤ ਸਭਾ ਦੁਖੁ ਮਿਟੈ ਰੋਗੁ ॥
ਜਨ ਨਾਨਕ ਹਰਿ ਵਰੁ ਸਹਜ ਜੋਗੁ ॥ (ਪੰਨਾ-1170)

ਸਾਧ ਸੰਗਤ ਦੁਆਰਾ ਹੀ ਪ੍ਰਭੂ ਦੀ ਖੋਜ ਹੋ ਸਕਦੀ ਹੈ—

ਮਿਲਿ ਸਤਸੰਗਤਿ ਲਧਾ ਹਰਿ ਸਜਣੁ
ਹਉ ਸਤਿਗੁਰ ਵਿਟਹੁ ਘੁਮਾਈਆ ਜੀਉ ॥ (ਪੰਨਾ-96)

ਖੋਜੀ ਖੋਜਿ ਲਧਾ ਹਰਿ ਸੰਤਨ ਪਾਹਾ ਰਾਮ ॥ (ਪੰਨਾ-845)

ਹਰਿ ਖੋਜਹੁ ਵਡਭਾਗੀਹੋ ਮਿਲਿ ਸਾਧੂ ਸੰਗੇ ਰਾਮ ॥ (ਪੰਨਾ-848)

ਜਿਨਿ ਏਹੁ ਚਾਖਿਆ ਰਾਮ ਰਸਾਇਣੁ
ਤਿਨ ਕੀ ਸੰਗਤਿ ਖੋਜੁ ਭਇਆ ॥ (ਪੰਨਾ-907)

ਦੁਰਲਭੰ ਏਕ ਭਗਵਾਨ ਨਾਮਹ ਨਾਨਕ
ਲਬਧ੍ਹਿੰ ਸਾਧਸੰਗਿ ਕ੍ਰਿਪਾ ਪ੍ਰਭੰ ॥ (ਪੰਨਾ-1357)

ਸਾਧ ਸੰਗਤ ਹੀ ਆਤਮਿਕ ਬੋਹਿਥਾ ਅਥਵਾ ਨਾਵ ਰੂਪ ਹੈ ਜਿਸ ਦੁਆਰਾ ਭਵਸਾਗਰ ਤਰੀਦਾ ਹੈ—

ਸਾਧਸੰਗਿ ਨਾਨਕੁ ਭਜੈ ਬਿਖੁ ਤਰਿਆ ਸੰਸਾਰੁ ॥ (ਪੰਨਾ-203)

ਤਾਰੀਲੇ ਭਵਜਲੁ ਤਾਰੂ ਬਿਖੜਾ ਬੋਹਿਥ ਸਾਧੂ ਸੰਗਾ ॥ (ਪੰਨਾ-208)

ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥ (ਪੰਨਾ-517)

ਨਾਵ ਰੂਪ ਭਇਓ ਸਾਧਸੰਗੁ ਭਵ ਨਿਧਿ ਪਾਰਿ ਪਰਾ ॥ (ਪੰਨਾ-701)

ਸੰਤਸੰਗਿ ਹਰਿ ਚਰਨ ਬੋਹਿਥ ਉਧਰਤੇ ਲੈ ਮੋਰ ॥ (ਪੰਨਾ-1121)

ਨਾਵ ਰੂਪ ਸਾਧਸੰਗ ਨਾਨਕ ਪਾਰਗਰਾਮੀ ॥ (ਪੰਨਾ-1230)

ਸਾਧ ਸੰਗਤ ਵਿਚ ਹੀ ਆਤਮਿਕ 'ਤਤ' ਬਿਲੋਈਦਾ ਹੈ—

ਮੇਰੇ ਪ੍ਰਭ ਸਾਲਾਹਨਿ ਸੇ ਭਲੇ ਪਿਆਰੇ ਸਬਦਿ ਰਤੇ ਰੰਗੁ ਹੋਇ ॥
ਤਿਸ ਕੀ ਸੰਗਤਿ ਜੇ ਮਿਲੈ ਪਿਆਰੇ ਰਸੁ ਲੈ ਤਤੁ ਵਿਲੋਇ ॥ (ਪੰਨਾ-636)

ਤਿਤੁ ਜਾਇ ਬਹਹੁ ਸਤਸੰਗਤੀ
ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥ (ਪੰਨਾ-587)

'ਸੰਤ ਜਨਾ' ਦੀ ਸੰਗਤ ਵਿਚ ਹੀ 'ਅਕਥ ਕਥਾ' ਦੀ ਸੋਝੀ ਆਉਂਦੀ ਹੈ—

ਸੰਤ ਜਨਾ ਮਿਲਿ ਪਾਇਆ ਸੁਣਿ ਅਕਥ ਕਥਾ ਮਨਿ ਭਾਣੀ ॥ (ਪੰ.–997)

ਸੰਤ ਮੰਡਲ ਮਹਿ ਨਿਰਮਲ ਕਥਾ ॥ (ਪੰਨਾ–1146)

ਹਰਿ ਹਰਿ ਕਥਾ ਸੁਨੀ ਮਿਲਿ ਸੰਗਤਿ
ਹਰਿ ਹਰਿ ਜਪਿਓ ਅਕਥ ਕਥ ਕਾਥ ॥ (ਪੰਨਾ–1296)

ਹਰਿ ਕਥਾ ਸੁਣਾਵਹੁ ਮੇਰੇ ਗੁਰਸਿਖਹੁ ਮੇਰੇ ਹਰਿ ਪ੍ਰਭ ਅਕਥ ਕਹਾਣੀ ॥
(ਪੰਨਾ–1317)

ਸਾਧ ਸੰਗਤ ਦੁਆਰਾ ਹੀ ਮਾਇਆ ਵਿਚ ਸੁਤਾ ਮਨ ਜਾਗਦਾ ਹੈ—

ਸਾਧਸੰਗਤਿ ਪਰਸਾਦਿ ਸੰਤਨ ਕੈ ਸੋਇਓ ਮਨੁ ਜਾਗਿਓ ॥ (ਪੰਨਾ–215)

ਸਾਧਸੰਗਿ ਮਨ ਸੋਵਤ ਜਾਗੇ ॥ (ਪੰਨਾ–386)

ਸੰਤਹ ਸੰਗੁ ਸੰਤ ਸੰਭਾਖਨੁ ਹਰਿ ਕੀਰਤਨਿ ਮਨੁ ਜਾਗੈ ॥ (ਪੰਨਾ–674)

ਮੋਹਿ ਨਿਰਗੁਣ ਪ੍ਰੀਤਮ ਸੁਖ ਸਾਗਰ ਸੰਤਸੰਗਿ ਮਨੁ ਜਾਗਾ ॥ (ਪੰ–781)

ਸਾਧ ਸੰਗਤ ਦੇ ਆਸਰੇ ਨਰਕਾਂ ਤੋਂ ਬਚ ਜਾਈਦਾ ਹੈ—

ਗੁਰਿ ਪੂਰੈ ਉਪਦੇਸਿਆ ਨਰਕੁ ਨਾਹਿ ਸਾਧਸੰਗਿ ॥ (ਪੰਨਾ–257)

ਸਾਧ ਕੈ ਸੰਗਿ ਨਰਕ ਪਰਹਰੈ ॥ (ਪੰਨਾ–272)

ਨਰਕ ਰੋਗ ਨਹੀ ਹੋਵਤ ਜਨ ਸੰਗਿ ਨਾਨਕ ਜਿਸੁ ਲੜਿ ਲਾਵੈ ॥
(ਪੰਨਾ–531)

ਸੰਤਾ ਸੰਗਤਿ ਨਰਕਿ ਨ ਪਾਈ ॥ (ਪੰਨਾ–1020)

ਸਾਧ ਸੰਗਤ ਦੁਆਰਾ ਹੀ 'ਮਾਇਕੀ ਬੰਧਨ' ਛੁਟਦੇ ਹਨ—

ਟੂਟੇ ਬੰਧਨ ਜਾਸੁ ਕੇ ਹੋਆ ਸਾਧੂ ਸੰਗੁ ॥ (ਪੰਨਾ–252)

ਯਾਹੂ ਜਤਨ ਕਰਿ ਹੋਤ ਛੁਟਾਰਾ ॥
ਉਆਹੂ ਜਤਨ ਸਾਧ ਸੰਗਾਰਾ ॥ (ਪੰਨਾ–259)

ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ
ਸਭਿ ਜਨ ਕੇ ਬੰਧਨ ਤੋੜੀਐ ॥ (ਪੰਨਾ–550)

ਅਬ ਮਨੁ ਛੂਟਿ ਗਇਆ ਸਾਧੂ ਸੰਗਿ ਮਿਲੇ ॥ (ਪੰਨਾ–705)

ਤੂਟੇ ਬੰਧਨ ਸਾਧਸੰਗੁ ਪਾਇਆ ॥ (ਪੰਨਾ–1141)

ਸਾਧ ਸੰਗਤ ਦੀ 'ਸੇਵਾ' ਹੀ ਕਲਿਆਣਕਾਰੀ ਹੈ—

ਜਨ ਕੀ ਟਹਲ ਸੰਭਾਖਨੁ ਜਨ ਸਿਉ
ਊਠਨੁ ਬੈਠਨੁ ਜਨ ਕੈ ਸੰਗਾ ॥ (ਪੰਨਾ-828)

ਸਾਧ ਕੀ ਸੇਵਾ ਸਦਾ ਸੁਹੇਲੀ ॥ (ਪੰਨਾ-1182)

ਜਿਸ ਕਉ ਚਾਹਹਿ ਸੁਰਿ ਨਰ ਦੇਵ ॥
ਸੰਤ ਸਭਾ ਕੀ ਲਗਹੁ ਸੇਵ ॥ (ਪੰਨਾ-1182)

ਭਗਤਨ ਕੀ ਟਹਲ ਕਮਾਵਤ ਗਾਵਤ
ਦੁਖ ਕਾਟੇ ਤਾ ਕੇ ਜਨਮ ਮਰਨ ॥ (ਪੰਨਾ-1206)

ਸਾਧ ਸੰਗਤ ਦੁਆਰਾ ਹੀ ਮੁਕਤੀ ਭੀ ਪ੍ਰਾਪਤ ਹੁੰਦੀ ਹੈ—

ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਣੁ ॥ (ਪੰਨਾ-18)

ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ ॥ (ਪੰਨਾ-675)

ਸਾਧਸੰਗਿ ਭਏ ਜਨ ਮੁਕਤੇ ਗਤਿ ਪਾਈ ਨਾਨਕ ਨਦਰਿ ਨਿਹਲੀਆ ॥
(ਪੰਨਾ-1004)

ਸਾਧਸੰਗਤਿ ਨਾਨਕੁ ਭਇਓ ਮੁਕਤਾ ਦਰਸਨੁ ਪੇਖਤ ਭੋਰੀ ॥ (ਪੰਨਾ-1216)

ਮੁਕਤਿ ਪਦਾਰਥੁ ਸਾਧੂ ਸੰਗਤਿ ਅੰਮ੍ਰਿਤੁ ਹਰਿ ਕਾ ਨਾਉ ॥ (ਪੰਨਾ-1220)

ਮੁਕਤਿ ਭਏ ਸਾਧਸੰਗਤਿ ਕਰਿ ਤਿਨ ਕੇ ਅਵਗਨ ਸਭਿ ਪਰਹਰਿਆ ॥
(ਪੰਨਾ-1235)

ਕਬੀਰ ਸਾਧੂ ਸੰਗੁ ਪਰਾਪਤੀ ਲਿਖਿਆ ਹੋਇ ਲਿਲਾਟ ॥
ਮੁਕਤਿ ਪਦਾਰਥੁ ਪਾਈਐ ਠਾਕ ਨ ਅਵਘਟ ਘਾਟ ॥ (ਪੰਨਾ-1377)

ਇਸ ਲੇਖ ਦੀ ਲੜੀ ਵਿਚ—

'ਸਤ ਸੰਗਤ' ਅਥਵਾ 'ਸਾਧ ਸੰਗਤ' ਦੇ ਬੇਅੰਤ ਲਾਭ, ਅਤੇ

'ਕੁਸੰਗਤ' ਤੋਂ ਜੋ ਆਧ-ਬਿਆਧ ਯਾ ਕਲ-ਕਲੇਸ਼ ਵਿਆਪਦੇ ਹਨ, ਉਹਨਾਂ ਨੂੰ ਵਿਸਥਾਰ ਸਹਿਤ ਦਰਸਾਇਆ ਗਿਆ ਹੈ ।

ਇਹਨਾਂ ਸਾਰੀਆਂ ਵਿਚਾਰਾਂ ਦਾ ਨਿਚੋੜ ਯਾ 'ਤੱਤ' ਇਉਂ ਦਰਸਾਇਆ ਜਾ ਸਕਦਾ ਹੈ—

'ਮੇਲ' ਅਥਵਾ 'ਸੰਗਤ' —

ਸਰੀਰਕ
ਮਾਨਸਿਕ
ਭਾਵਕ
ਆਤਮਿਕ

'ਸਤਹ' ਤੇ ਹੁੰਦੀ ਹੈ ।

ਐਸਾ 'ਮੇਲ' ਅਨੇਕਾਂ ਮਾਨਸਿਕ ਵਲਵਲਿਆਂ ਅਤੇ ਭਾਵਨਾਵਾਂ ਦੇ 'ਰੰਗਾਂ' ਅਤੇ 'ਤਰੰਗਾਂ' ਦਾ ਹੁੰਦਾ ਹੈ ।

ਇਹਨਾਂ ਤਰੰਗਾਂ ਦੀ ਤੀਖਣਤਾ (intensity) ਖਿਆਲਾਂ ਤੇ ਵਲਵਲਿਆਂ ਦੇ ਅਭਿਆਸ (practice) ਉਤੇ ਨਿਰਭਰ ਹੈ ।

ਮਿਸਾਲ ਦੇ ਤੌਰ ਤੇ — 'ਇਸਤਰੀ-ਮਰਦ' ਦਾ ਸਰੀਰਕ 'ਜੋੜ' ਰਸਮੀ ਵਿਆਹ ਦੁਆਰਾ ਹੁੰਦਾ ਹੈ — ਪਰ ਦੋਹਾਂ ਦੇ ਖਿਆਲ-ਨਿਸਚੇ-ਰੁਚੀਆਂ, ਅੱਡ-ਅੱਡ ਹੋਣ ਕਰਕੇ ਉਹਨਾਂ ਦਾ ਮਾਨਸਿਕ ਅਤੇ ਭਾਵਕ 'ਮੇਲ' ਨਹੀਂ ਹੁੰਦਾ — ਜਿਸ ਕਾਰਣ ਉਹਨਾਂ ਦਾ ਸਾਰਾ ਜੀਵਨ ਬੇਸੁਰੇ ਖਿਚੋਤਾਣ ਵਿਚ ਹੀ ਗੁਜ਼ਰਦਾ ਹੈ । ਵਿਆਹ ਦੀਆਂ ਰਸਮੀ ਜੰਜੀਰਾਂ ਨਾਲ ਜਕੜੀਆਂ ਹੋਈਆਂ ਬੇਸੁਰੀਆਂ 'ਦੇਹਾਂ' ਦਾ ਗ੍ਰਿਹਸਤੀ ਜੀਵਨ ਮਾਇਆ ਦੇ ਖਲਜਗਨ ਵਿਚ ਪਲਚ-ਪਲਚ ਕੇ ਅਜਾਈਂ ਜਾਂਦਾ ਹੈ ।

ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥ (ਪੰਨਾ-788)

ਜੇਕਰ ਕਿਸੇ ਵਿਰਲੇ ਦੰਪਤੀ (couple) ਦੀ ਮਾਨਸਿਕ ਸਤਹ ਤੇ 'ਇਕ-ਸੁਰਤਾ' ਹੋ ਭੀ ਜਾਵੇ ਤਾਂ ਭੀ ਉਹਨਾਂ ਦਾ ਭਾਵਕ ਅਤੇ ਆਤਮਿਕ ਸਤਹ ਤੇ ਮੇਲ ਹੋਣਾ ਕਠਿਨ ਹੈ ।

ਮਿਲਿਐ ਮਿਲਿਆ ਨਾ ਮਿਲੈ ਮਿਲੈ ਮਿਲਿਆ ਜੇ ਹੋਇ ॥
ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ ॥ (ਪੰਨਾ-791)

ਐਸਾ 'ਬੇਸੁਰਾ' ਖਿਚੋਤਾਣ ਵਾਲਾ ਗ੍ਰਿਹਸਤੀ-ਜੀਵਨ ਸਾਰੀ ਉਮਰ 'ਕੁਸੰਗਤ' ਵਿਚ ਹੀ ਬੀਤਦਾ ਹੈ ।

ਇਹੀ ਪ੍ਰਮਾਣ — ਸਾਡੇ ਹੋਰ ਸੰਬੰਧੀਆਂ-ਦੋਸਤਾਂ ਅਤੇ ਸੰਗੀਆਂ-ਸਾਥੀਆਂ ਦੇ 'ਮੇਲ' ਅਥਵਾ 'ਸੰਗਤ' ਉਤੇ ਭੀ ਘਟਦਾ ਹੈ ।

ਜੇਕਰ ਸਰੀਰਕ-ਮਾਨਸਿਕ-ਭਾਵਕ ਸਤਹ ਤੇ ਕਿਸੇ ਵਿਰਲੇ ਜੀਵਾਂ ਨਾਲ 'ਇਕ

ਸੁਰਤਾ' (in tune) ਹੋ ਭੀ ਜਾਵੇ, ਤਾਂ ਵੀ ਉਹਨਾਂ ਦੀਆਂ ਸੂਖਮ ਤਰੰਗਾਂ ਦੀ ਤੀਬਰਤਾ ਤੇ ਤੀਖਣਤਾ ਵਿਚ ਫਰਕ ਹੁੰਦਾ ਹੈ—ਜੋ ਉਹਨਾਂ ਦੇ ਜੀਵਨ ਵਿਚ 'ਖਟ-ਪਟੀ' ਅਤੇ 'ਤਨਾਓ' ਦਾ ਕਾਰਣ ਬਣਦਾ ਹੈ ।

ਇਨਸਾਨ ਦੀ ਸ਼ਖਸੀਅਤ ਦੇ ਕਈ ਅੰਦਰਲੇ ਤਬਕੇ ਯਾ ਹਿੱਸੇ ਹਨ—

ਸਰੀਰ
ਮਨ
ਬੁੱਧੀ
ਰੀਝਾਂ
ਤਰੰਗਾਂ
ਨਿਸਚੇ
ਭਾਵਨਾ
ਸਵੈਪਨਾ
ਅੰਤਿਸ਼ਕਰਨ
ਅਹੰਕਾਰ, ਆਦਿ ।

ਇਹ ਅੰਦਰਲੇ ਮਾਨਸਿਕ 'ਤਬਕੇ'—ਆਪਸ ਵਿਚ 'ਇਕ-ਸੁਰ' ਨਹੀਂ ਹੁੰਦੇ, ਜਿਸ ਕਾਰਣ ਸਾਡੇ ਅੰਦਰਲੇ ਖਿਆਲਾਂ—ਭਾਵਨਾਵਾਂ ਦਾ 'ਟਾਕਰਾ' ਹੁੰਦਾ ਰਹਿੰਦਾ ਹੈ ਅਤੇ ਦੁਬਿਧਾ ਨਾਲ ਆਪਣੇ ਅੰਦਰ 'ਭੜਥੂ' ਮਚਾਈ ਰਖਦੇ ਹਾਂ ।

ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥ (ਪੰਨਾ-19)

ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥ (ਪੰ.-1130)

ਦੁਬਿਧਾ ਬਉਰੀ ਮਨੁ ਬਉਰਾਇਆ ॥ (ਪੰਨਾ-1342)

ਮਨਮੁਖ ਮਨੁ ਅਠ ਖੰਡ ਹੋਇ ਦੁਸਟਾ ਸੰਗਤਿ ਭਰਮਿ ਭੁਲਾਵੈ ।
(ਵਾ. ਭਾ. ਗੁ. 5/17)

ਸਮੁੱਚੇ ਸੰਸਾਰ ਅੰਦਰ ਜੋ ਵਾਦ-ਵਿਵਾਦ, ਈਰਖਾ-ਦਵੈਤ, ਖਿੱਚੋਤਾਣ, ਲੜਾਈਆਂ, ਝਗੜੇ ਹੋ ਰਹੇ ਹਨ, ਉਹ ਸਭ ਸਾਡੀ 'ਸ਼ਖਸੀਅਤ' ਦੇ ਅੰਦਰਲੀ ਦੁਬਿਧਾ ਅਥਵਾ 'ਦੂਜੇ ਭਾਉ' ਵਾਲੇ 'ਭੜਥੂ' ਦਾ ਹੀ ਪ੍ਰਤਿਬਿੰਬ ਅਤੇ ਪ੍ਰਗਟਾਵਾ ਹਨ !!

ਜਦ ਸਾਡੇ ਅੰਦਰਲੇ ਤਬਕਿਆਂ ਅਥਵਾ ਭਾਵਾਂ ਦਾ ਆਪਸ ਵਿਚ ਮੇਲ ਯਾ 'ਇਕ-ਸੁਰਤਾ' ਨਹੀਂ ਹੁੰਦੀ, ਤਾਂ ਦੂਜਿਆਂ ਪ੍ਰਾਣੀਆਂ ਨਾਲ 'ਮੇਲ' ਯਾ 'ਸੰਗਤ' ਅਥਵਾ 'ਇਕ-ਸੁਰਤਾ' ਕਿਵੇਂ ਹੋ ਸਕਦੀ ਹੈ ?

ਤਰੇੜ ਵਾਲੇ ਅਥਵਾ ਟੁੱਟੇ-ਭੱਜੇ ਭਾਂਡੇ ਵਿਚ ਕੋਈ ਚੀਜ਼ ਟਿਕ ਨਹੀਂ ਸਕਦੀ । ਇਸੇ ਤਰ੍ਹਾਂ 'ਦੂਜੇ ਭਾਉ' ਨਾਲ ਟੁੱਟੇ ਭੱਜੇ ਚਕਨਾ-ਚੂਰ ਅਥਵਾ ਬਾਹਰਮੁਖੀ ਖਿੰਡੇ ਹੋਏ ਦਿਲਾਂ

ਦਾ ਆਪਸ ਵਿਚ 'ਮੇਲ' ਯਾ 'ਸੰਗਤ' ਨਹੀਂ ਹੋ ਸਕਦੀ, ਅਤੇ ਨਾ ਹੀ ਇਹੋ ਜਿਹੇ ਦੁਬਿਧਾ ਵਾਲੇ ਦਿਲਾਂ ਵਿਚ ਕੋਈ ਆਤਮਿਕ ਗੁਣ ਅਥਵਾ 'ਨਾਮ' ਟਿਕ ਸਕਦਾ ਹੈ ਅਤੇ ਅਕਾਲ ਪੁਰਖ ਦਾ ਮੇਲ ਭੀ ਨਹੀਂ ਹੋ ਸਕਦਾ ।

ਕਬੀਰ ਜਾ ਕੀ ਦਿਲ ਸਾਬਤਿ ਨਹੀ ਤਾ ਕਉ ਕਹਾਂ ਖੁਦਾਇ ॥(ਪੰ.–1374)

ਐਸੇ ਦੁਬਿਧਾ ਵਾਲੇ ਦਿਲਾਂ ਦਾ ਆਪਸ ਵਿਚ ਮੇਲ ਨਹੀਂ ਹੋ ਸਕਦਾ ਤੇ ਉਹਨਾਂ ਦੀ ਕਿਸੇ ਨਾਲ 'ਬਣ' ਨਹੀਂ ਆਉਂਦੀ ।

ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥ (ਪੰਨਾ–135)

ਐਸੇ ਟੁਟੇ ਹੋਏ ਦਿਲਾਂ ਵਾਲੇ 'ਜੀਵ', ਭੂਤਾਂ-ਪ੍ਰੇਤਾਂ ਵਾਂਗ, ਆਪੂੰ ਬਣਾਈ ਹੋਈ ਹਉਮੈ ਦੀ 'ਇਕੱਲ ਕੋਠੜੀ' ਵਿਚ ਨਰਕ ਭੋਗਦੇ ਹਨ ਤੇ ਜਮਾਂ ਦੇ ਵਸ ਪੈਂਦੇ ਹਨ ।

ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ (ਪੰਨਾ–134)

ਟੁੱਟੇ ਹੋਏ ਦਿਲਾਂ ਨੂੰ ਮੁੜ 'ਇਕ ਸੁਰਤਾ' ਵਿਚ ਲਿਆਉਣ ਅਥਵਾ ਜੋੜਨ ਲਈ ਗੁਰਬਾਣੀ ਵਿਚ 'ਸਤਸੰਗਤ' ਅਥਵਾ 'ਸਾਧ ਸੰਗਤ' ਹੀ ਦੱਸੀ ਗਈ ਹੈ—

ਸਾਧਸੰਗਿ ਕਿਸ ਸਿਉ ਨਹੀ ਬੈਰੁ ॥ (ਪੰਨਾ–271)

ਮਿਟਿ ਗਏ ਬੈਰ ਭਏ ਸਭ ਰੇਨ ॥
ਅੰਮ੍ਰਿਤ ਨਾਮੁ ਸਾਧ ਸੰਗਿ ਲੈਨ ॥ (ਪੰਨਾ–295)

ਖਿੰਚੋਤਾਨਿ ਵਿਗੁਚੀਐ ਏਕਸੁ ਸਿਉ ਲਿਵ ਲਾਇ ॥
ਹਉਮੈ ਮੇਰਾ ਛਡਿ ਤੂ ਤਾ ਸਚਿ ਰਹੈ ਸਮਾਇ ॥ (ਪੰਨਾ–756)

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥ 1॥ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥
(ਪੰਨਾ–1299)

ਸਰੀਰਕ, ਮਾਨਸਿਕ, ਭਾਵਕ ਅਤੇ ਆਤਮਿਕ ਸੂਖਮ ਤਰੰਗਾਂ ਦੀ ਸਤਹ ਉਤੇ ਜੀਵਾਂ ਦੀ 'ਇਕ-ਸੁਰਤਾ' ਹੋਣੀ ਕਠਿਨ ਹੈ—ਪਰ ਬਖ਼ਸ਼ੇ ਹੋਏ ਗੁਰਮੁਖ ਪਿਆਰਿਆਂ-ਸੰਤਾਂ-ਭਗਤਾਂ-ਹਰਿਜਨਾਂ ਦੇ 'ਮੇਲ' ਅਥਵਾ ਸਾਧ ਸੰਗਤ ਦੁਆਰਾ ਸਹਿਜੇ ਹੀ ਇਹ ਗੁਰਮੁਖ ਅਵਸਥਾ ਪ੍ਰਾਪਤ ਹੋ ਸਕਦੀ ਹੈ ।

ਦੂਜੇ ਲਫ਼ਜ਼ਾਂ ਵਿਚ ਆਤਮਿਕ ਸਤਹ ਉਤੇ ਜੀਵਾਂ ਦੇ 'ਮੇਲ' ਯਾ 'ਸੰਗਤ' ਨੂੰ

ਹੀ—

ਸਤ ਸੰਗਤ
ਸਾਧ ਸੰਗਤ
ਸੰਤ ਸੰਗਤ
ਸੱਚੀ ਸੰਗਤ
ਊਤਮ ਸੰਗਤ
ਦੈਵੀ ਸੰਗਤ
ਗੁਰ ਸੰਗਤ
ਗੁਰ ਸਭਾ
ਸਾਧ ਸਭਾ
ਸੰਤ ਮੰਡਲੀ

ਕਿਹਾ ਗਿਆ ਹੈ ।

'ਰੂਹਾਂ' ਦਾ ਅਕਾਲ ਪੁਰਖ ਨਾਲ ਇਲਾਹੀ ਜੋਤ ਦੁਆਰਾ ਆਤਮਿਕ ਨਾਤਾ ਹੋਣ ਕਰਕੇ, 'ਆਤਮ-ਮੇਲ' ਧੁਰੋਂ ਹੀ ਬਣਿਆ ਹੋਇਆ ਹੈ, ਕਿਉਂਕਿ ਕਾਇਨਾਤ ਦਾ ਹਰ ਇਕ 'ਜੁਜ਼' ਅਕਾਲ ਪੁਰਖ ਦੀ ਗੁਪਤ 'ਪ੍ਰੇਮ ਡੋਰੀ' ਨਾਲ ਬਝਿਆ ਹੋਇਆ ਹੈ ।

ਇਸ ਇਲਾਹੀ ਪ੍ਰੇਮ ਡੋਰੀ ਵਿਚ—

ਪ੍ਰੋਤੇ ਰਹਿਣਾ
ਸੁਰ ਵਿਚ ਹਿਲਣਾ
ਹੁਕਮ ਵਿਚ ਚਲਣਾ
ਪ੍ਰੇਮ ਸਵੈਪਨਾ ਵਿਚ ਉਡਾਰੀਆਂ ਲਾਉਣੀਆਂ
ਪ੍ਰੇਮ ਰੰਗ ਮਾਣਨਾ
ਪ੍ਰਿਮ ਰਸ ਵਿਚ ਮਸਤ ਹੋਣਾ
ਚਾਉ ਵਿਚ ਵਿਗੱਸਣ

ਨਾਲ ਹੀ ਸੱਚੀ-ਸੁਚੀ-ਜੀਉਂਦੀ-ਜਾਗਦੀ—

ਆਤਮਿਕ 'ਸਤਸੰਗਤ' ਅਥਵਾ 'ਸਾਧ ਸੰਗਤ'

ਅਖਵਾ ਸਕਦੀ ਹੈ ।

ਜਿਸ ਤਰ੍ਹਾਂ ਦੁਰਘਟਨਾ (accident) ਨਾਲ ਪਿਛਲੀ ਯਾਦ-ਦਾਸ਼ਤ ਮਿਟ ਜਾਂਦੀ ਹੈ

ਅਤੇ ਉਹ ਪਹਿਲਾ ਜੀਵਨ ਭੁੱਲ ਜਾਂਦਾ ਹੈ । ਇਸੇ ਤਰ੍ਹਾਂ ਮਾਇਆ ਦੇ ਭਰਮ-ਭੁਲਾਵੇ ਵਿਚ ਗਲਤਾਨ ਹੋ ਕੇ ਸਾਡੀ ਚੇਤੰਨਤਾ (consciousness) ਵਿਚੋਂ ਪਰਮੇਸ਼ਰ ਦੀ 'ਯਾਦ' ਨਿਕਲ ਜਾਂਦੀ ਹੈ ਅਤੇ ਅਸੀਂ 'ਭੁੱਲ' ਵਿਚ ਵਿਚਰਦੇ ਹਾਂ । ਇਸ ਤਰ੍ਹਾਂ—

ਪਰਮੇਸ਼ਰ ਨੂੰ ਭੁੱਲਣਾ
ਝੂਠੀ ਮਾਇਆ ਵਿਚ ਵਿਚਰਨਾ
ਮਾਇਕੀ ਪਦਾਰਥਾਂ ਵਿਚ ਖੱਚਤ ਹੋਣਾ
ਰਬ ਤੋਂ ਟੁਟੇ ਹੋਏ ਜੀਵਾਂ ਨਾਲ ਮੇਲ ਕਰਨਾ ਹੀ
'ਕੁਸੰਗਤ'

ਅਖਵਾਉਂਦੀ ਹੈ ।

ਚਾਨਣ ਤੋਂ ਬਗੈਰ ਹਨੇਰੇ ਦੀ ਪ੍ਰਵਿਰਤੀ ਹੁੰਦੀ ਹੈ ।

ਇਸੇ ਤਰ੍ਹਾਂ 'ਸਾਧ ਸੰਗਤ' ਦੀ ਆਤਮਿਕ ਅਨੁਭਵੀ ਰੋਸ਼ਨੀ ਤੋਂ ਬਿਨਾਂ—ਮਾਇਕੀ 'ਕੁਸੰਗਤ' ਦਾ ਭਰਮਮਈ 'ਹਨੇਰ' ਵਾਪਰਨਾ ਲਾਜ਼ਮੀ ਹੈ ।

ਸਾਧਸੰਗਤਿ ਅਸਥਾਨੁ ਜਗ ਮਗ ਨੂਰ ਹੈ । (ਵਾ. ਭਾ. ਗੁ. 3/10)

ਸਾਧਸੰਗਤਿ ਵਿਣੁ ਭਰਮਿ ਭੁਲਾਇਆ । (ਵਾ. ਭਾ;. ਗੁ. 39/16)

ਤਦੇ 'ਸਤਸੰਗਤ' ਅਤੇ 'ਕੁਸੰਗਤ' ਦੀ ਅਹਿਮੀਅਤ ਅਤੇ ਉਹਨਾਂ ਦੇ 'ਮੁਤਜ਼ਾਦ ਨਤੀਜਿਆਂ' ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ—

ਸਾਧਸੰਗਤਿ ਬਿਨੁ ਤਰਿਓ ਨ ਕੋਇ ॥ (ਪੰਨਾ-373)

ਸਾਧਸੰਗਤਿ ਨਿਹਚਉ ਹੈ ਤਰਣਾ ॥ (ਪੰਨਾ-1071)

ਇਸ ਲਈ ਸਾਨੂੰ ਗੁਰਬਾਣੀ ਵਿਚ—

ਕੁਸੰਗਤ ਤੋਂ ਬਚਣ,

ਅਤੇ

ਸਾਧ ਸੰਗਤ ਵਿਚ ਵਿਚਰਨ

ਦੀ ਪ੍ਰੇਰਨਾ ਕੀਤੀ ਗਈ ਹੈ ।

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥
ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ ॥ (ਪੰਨਾ-1102)

ਤਿਤੁ ਜਾਇ ਬਹਹੁ ਸਤਸੰਗਤੀ

ਜਿਥੈ ਹਰਿ ਕਾ ਹਰਿ ਨਾਮੁ ਬਿਲੋਈਐ ॥ (ਪੰਨਾ–587)

ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥
ਤਿਨ੍ ਸੰਗਿ ਸੰਗੁ ਨ ਕੀਚਈ ਨਾਨਕ ਜਿਨਾ ਆਪਣਾ ਸੁਆਉ ॥

(ਪੰਨਾ–520)

ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ
ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ ॥

(ਪੰਨਾ–550)

(ਸਮਾਪਤ)